GOVERNMENT OF WESTERN AUSTRALIA

PathWest LABORATORY MEDICINE WA



# ਫੰਗਲ ਜਾਂਚ ਲਈ ਚਮੜੀ ਅਤੇ ਨਹੁੰਆਂ ਦਾ ਨਮੂਨਾ ਇਕੱਠਾ ਕਰਨਾ

ਬੁਕਿੰਗ ਕਰਵਾਉਣ ਦੀ ਲੋੜ ਨਹੀਂ ਹੈ

Punjabi | ਪੰਜਾਬੀ

ਸਾਡੇ ਜ਼ਿਆਦਾਤਰ ਨਮੂਨਾ ਇਕੱਠਾ ਕਰਨ ਵਾਲੇ ਸੈਂਟਰਾਂ ਵਿੱਚ ਸਵੇਰ ਵੇਲੇ ਭਾਰੀ ਰਸ਼ ਹੁੰਦਾ ਹੈ। ਕੁੱਝ ਮਰੀਜ਼ਾਂ ਦੇ ਜ਼ਰੂਰੀ ਜਾਂ ਸਮਾਂ-ਸੰਵੇਦਨਸ਼ੀਲ ਟੈਸਟ ਹੁੰਦੇ ਹਨ, ਇਸ ਲਈ ਮਰੀਜ਼ਾਂ ਨੂੰ ਹਮੇਸ਼ਾ ਸੈਂਟਰ ਪਹੁੰਚਣ ਦੇ ਕ੍ਰਮ ਵਿੱਚ ਨਹੀਂ ਦੇਖਿਆ ਜਾਂਦਾ ਹੈ। ਤੁਸੀਂ ਆਪਣੇ ਟੈਸਟ ਲਈ ਦਿਨ ਦੇ ਬਾਅਦ ਦੇ ਸਮੇਂ ਵਿੱਚ ਆਉਣਾ ਪਸੰਦ ਕਰ ਸਕਦੇ ਹੋ।

**ਇਸ ਟੈਸਟ ਤੋਂ ਦੋ ਦਿਨ ਪਹਿਲਾਂ**

ਪ੍ਰਭਾਵਿਤ ਹਿੱਸੇ (ਹਿੱਸਿਆਂ) 'ਤੇ ਸਾਰੇ ਮਲ੍ਹਮਾਂ, ਐਂਟੀਸੈਪਟਿਕਸ ਅਤੇ ਪਾਊਡਰਾਂ ਦੀ ਵਰਤੋਂ ਕਰਨਾ ਬੰਦ ਕਰੋ।

**ਟੈਸਟ ਵਾਲੇ ਦਿਨ**

ਨਹਾਉਣ ਤੋਂ ਬਾਅਦ ਪ੍ਰਭਾਵਿਤ ਹਿੱਸੇ (ਹਿੱਸਿਆਂ) ਨੂੰ ਸਾਫ਼ ਅਤੇ ਸੁੱਕਾ ਛੱਡਣਾ ਨਾ ਭੁੱਲੋ। ਪ੍ਰਭਾਵਿਤ ਹਿੱਸੇ (ਹਿੱਸਿਆਂ) 'ਤੇ ਕੋਈ ਵੀ ਮਲ੍ਹਮ, ਡਿਓਡਰੈਂਟ, ਮੋਇਸਚਰਾਈਜ਼ਰ ਜਾਂ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ ਲਗਾਉਣ ਤੋਂ ਗੁਰੇਜ਼ ਕਰੋ।

ਜੇਕਰ ਤੁਸੀਂ ਨਹੁੰ ਵਧਾ ਰਹੇ ਹੋ ਤਾਂ ਆਪਣੇ ਨਹੁੰਆਂ ਨੂੰ ਕਿਸੇ ਵੀ ਬੇਲੋੜੀ ਮੈਲ ਲਈ ਸਾਫ਼ ਕਰੋ ਅਤੇ ਨੇਲ ਪਾਲਿਸ਼ ਉਤਾਰ ਦਿਓ। ਟੈਸਟ ਤੋਂ ਪਹਿਲਾਂ ਆਪਣੇ ਨਹੁੰਆਂ ਨੂੰ ਨਾ ਕੱਟੋ।

ਇਨ੍ਹਾਂ ਨਮੂਨਿਆਂ ਨੂੰ ਇਕੱਠੇ ਕਰਨਾ ਬਿਲਕੁਲ ਦਰਦ ਰਹਿਤ ਹੁੰਦਾ ਹੈ ਅਤੇ ਇਹ ਕੰਮ ਸਾਡੇ ਕਿਸੇ ਵੀ PathWest ਨਮੂਨਾ ਇਕੱਠੇ ਕਰਨ ਵਾਲੇ ਸੈਂਟਰਾਂ ਵਿੱਚ ਕੀਤਾ ਜਾ ਸਕਦਾ ਹੈ ਸੈਂਟਰਾਂ

ਇਸ ਟੈਸਟ ਵਿੱਚ ਉਹ ਫੰਗਸ ਲੱਭੇ ਜਾਂਦੇ ਹਨ ਜੋ ਚਮੜੀ ਅਤੇ/ ਜਾਂ ਨਹੁੰਆਂ ਦੀਆਂ ਲਾਗਾਂ ਦਾ ਕਾਰਨ ਬਣਦੇ ਹਨ।

ਚਮੜੀ ਦਾ ਇੱਕ ਨਮੂਨਾ, ਜਿਸਨੂੰ ਸਕਿੱਨ ਸਕ੍ਰੈਪਿੰਗ ਕਿਹਾ ਜਾਂਦਾ ਹੈ, ਜਾਂ ਤੁਹਾਡੇ ਨਹੁੰ ਦਾ ਇੱਕ ਛੋਟਾ ਜਿਹਾ ਨਮੂਨਾ, ਇਕੱਠਾ ਕੀਤਾ ਜਾ ਸਕਦਾ ਹੈ ਅਤੇ ਫਿਰ ਇਹ ਦੇਖਣ ਲਈ ਇਸ ਦੀ ਜਾਂਚ ਕੀਤੀ ਜਾਂਦੀ ਹੈ ਕਿ ਕੀ ਫੰਗਸ ਵਧੇਗੀ।

ਬੇਦਾਅਵਾ: ਇਹ ਪ੍ਰਕਾਸ਼ਨ ਆਮ ਸਿੱਖਿਆ ਅਤੇ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਕਿਸੇ ਵੀ ਕਿਸਮ ਦੀ ਡਾਕਟਰੀ ਸਲਾਹ ਦੀ ਲੋੜ ਲਈ ਕਿਸੇ ਯੋਗਤਾ ਪ੍ਰਾਪਤ ਸਿਹਤ-ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।
© State of Western Australia, PathWest Laboratory Medicine WA 2024

13 PATH (7284) | info.pathwest@health.wa.gov.au | pathwest.health.wa.gov.au